BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ, ਪਰਿਵਾਰਕ ਅਤੇ ਜਿਨਸੀ ਪਾਰਟਨਰ ਸਬੰਧੀ ਹਿੰਸਾ ਬਾਰੇ ਜਾਗਰੂਕਤਾ ਵਧਾਉਣ ਲਈ ਰੀਜਨ ਆਫ ਪੀਲ ਵਿੱਚ ਭਾਈਵਾਲਾਂ ਨਾਲ ਜੁੜ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (25 ਨਵੰਬਰ, 2020) – ਇੰਟਰਨੈਸ਼ਨਲ ਡੇ ਫਾਰ ਦ ਐਲਿਮੀਨੇਸ਼ਨ ਆਫ ਵੋਇਲੈਂਸ ਅਗੇਂਸਟ ਵੂਮੈਨ (ਔਰਤਾਂ ਵਿਰੁੱਧ ਹਿੰਸਾ ਖ਼ਤਮ ਕਰਨ ਦਾ ਅੰਤਰਰਾਸ਼ਟਰੀ ਦਿਵਸ) (International Day for the Elimination of Violence Against Women) ਦੇ ਸਨਮਾਨ ਵਿੱਚ, ਬ੍ਰੈਂਪਟਨ ਪਰਿਵਾਰਕ ਅਤੇ ਜਿਨਸੀ ਪਾਰਟਨਰ ਸਬੰਧੀ ਹਿੰਸਾ (ਐਫ.ਆਈ.ਪੀ.ਵੀ.) (Family and Intimate Partner Violence) (FIPV) ਦੇ ਮੁੱਦੇ ਬਾਰੇ ਸਪਸ਼ਟਤਾ ਅਤੇ ਜਾਗਰੂਕਤਾ ਵਧਾਉਣ ਵਾਸਤੇ ਅਤੇ ਭਾਈਚਾਰੇ ਵਿੱਚ ਕੇਸਾਂ ਨੂੰ ਪਛਾਣਨ ਅਤੇ ਘਟਾਉਣ ਵਿੱਚ ਮਦਦ ਲਈ, ਜਨਤਕ ਜਾਗਰੂਕਤਾ ਮੁਹਿੰਮ ਸ਼ੁਰੂ ਕਰਨ ਲਈ ਆਪਣੇ ਭਾਈਵਾਲਾਂ ਨਾਲ ਜੁੜਿਆ ਹੈ।

ਸਿਟੀ ਦੇ ਭਾਈਵਾਲਾਂ ਵਿੱਚ ਸ਼ਾਮਲ ਹਨ, ਰੀਜਨ ਆਫ ਪੀਲ (Region of Peel), ਜਿਸਨੇ ਮੁਹਿੰਮ ਦੇ ਵਿਕਾਸ ਦੀ ਅਗਵਾਈ ਕੀਤੀ, ਨਾਲ ਹੀ, ਸਿਟੀ ਆਫ ਮਿਸੀਸਾਗਾ (City of Mississauga), ਟਾਊਨ ਆਫ ਕੈਲਡਨ (Town of Caledon), ਪੀਲ ਰੀਜਨਲ ਪੁਲਿਸ (Peel Regional Police), ਓਨਟੈਰੀਓ ਪ੍ਰੋਵਿੰਸ਼ੀਅਲ ਪੁਲਿਸ (Ontario Provincial Police) ਅਤੇ 10 ਤੋਂ ਵੱਧ ਭਾਈਚਾਰਕ ਸੰਗਠਨ।

29 ਜਨਵਰੀ, 2020 ਨੂੰ, ਬ੍ਰੈਂਪਟਨ ਕਾਉਂਸਿਲ (Brampton Council) ਨੇ, ਸਟਾਫ਼ ਨੂੰ ਇਹ ਨਿਰਦੇਸ਼ ਦੇਣ ਲਈ ਇੱਕ ਮਤਾ ਪਾਸ ਕੀਤਾ ਸੀ ਕਿ ਉਹ, ਬ੍ਰੈਂਪਟਨ ਅਤੇ ਪੀਲ ਰੀਜਨ ਵਿੱਚ ਘਰੇਲੂ ਹਿੰਸਾ ਨੂੰ ਖ਼ਤਮ ਕਰਨ ਵਾਸਤੇ, ਜਨਤਕ ਸਿੱਖਿਆ ਅਤੇ ਜਾਗਰੂਕਤਾ ਮੁਹਿੰਮ ਸਥਾਪਤ ਕਰਨ ਲਈ ਭਾਈਵਾਲਾਂ ਨਾਲ ਸਹਿਯੋਗ ਕਰਨ। ਉਸ ਸਮੇਂ ਤੋਂ ਹੀ, ਭਾਈਵਾਲਾਂ ਨੇ, ਇਸ ਮਹੱਤਵਪੂਰਣ ਮੁੱਦੇ ਤੇ ਰੋਸ਼ਨੀ ਪਾਉਣ ਵਾਸਤੇ, ਇੱਕ ਸ਼ਮੂਲੀਅਤ ਵਾਲੀ ਅਤੇ ਭਾਗੀਦਾਰੀ ਵਾਲੀ ਮੁਹਿੰਮ ਵਿਕਸਿਤ ਕਰਨ ਲਈ ਇਕੱਠੇ ਮਿਲ ਕੇ ਕੰਮ ਕੀਤਾ ਹੈ।

ਐਫ.ਆਈ.ਪੀ.ਵੀ. (FIPV), ਜਿਨਸੀ ਪਾਰਟਨਰਾਂ ਜਾਂ ਪਰਿਵਾਰਕ ਮੈਂਬਰਾਂ ਵਿਚਕਾਰ, ਕਿਸੇ ਵੀ ਪ੍ਰਕਾਰ ਦਾ ਨਿਯੰਤਰਣ ਪਾਉਣ ਵਾਲਾ ਜਾਂ ਧਮਕੀ ਭਰਾ ਵਿਵਹਾਰ, ਸਰੀਰਕ ਜਾਂ ਜਿਨਸੀ ਹਿੰਸਾ ਜਾਂ ਸ਼ੋਸ਼ਣ ਹੈ। 2019 ਵਿੱਚ, ਪੀਲ ਵਿੱਚ ਪੁਲਿਸ ਨੇ, ਘਰੇਲੂ ਹਿੰਸਾ ਦੀਆਂ 19,000 ਤੋਂ ਵੱਧ ਘਟਨਾਵਾਂ ਤੇ ਪ੍ਰਤੀਕਿਰਿਆ ਕੀਤੀ ਸੀ। ਔਸਤਨ, ਹਰ ਦਿਨ ਜਾਂ ਹਰੇਕ ਦੋ ਘੰਟਿਆਂ ਵਿੱਚ 50 ਵਿਵਾਦ ਹੁੰਦੇ ਹਨ। ਇਹ ਸਿਰਫ਼ ਉਹ ਘਟਨਾਵਾਂ ਹਨ, ਜਿਹਨਾਂ ਦੀ ਰਿਪੋਰਟ ਕੀਤੀ ਜਾਂਦੀ ਹੈ; ਜ਼ਿਆਦਾਤਰ ਘਟਨਾਵਾਂ ਦੀ ਰਿਪੋਰਟ ਹੀ ਨਹੀਂ ਕੀਤੀ ਜਾਂਦੀ।

ਜਿਹਨਾਂ ਨਿਵਾਸੀਆਂ ਨੂੰ ਜਾਂ ਉਹਨਾਂ ਦੀ ਜਾਣ-ਪਛਾਣ ਦੇ ਕਿਸੇ ਵਿਅਕਤੀ ਨੂੰ ਮਦਦ ਦੀ ਲੋੜ ਹੈ, ਤਾਂ ਉਹ ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ ਸੱਤ ਦਿਨ, ਗੁਪਤ ਰੂਪ ਨਾਲ, ਟੋਲ-ਫ੍ਰੀ ਨੰਬਰ: 211 ਤੇ ਫੋਨ ਕਰ ਸਕਦੇ ਹਨ। ਐਮਰਜੈਂਸੀ ਵਿੱਚ, ਨਿਵਾਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ 911 ਤੇ ਪੁਲਿਸ ਨੂੰ ਫੋਨ ਕਰਨ।

ਅੰਕੜਿਆਂ, ਵਸੀਲਿਆਂ ਅਤੇ ਮੁਹਿੰਮ ਸਬੰਧੀ ਸਮੱਗਰੀਆਂ ਸਮੇਤ, ਪੀਲ ਵਿੱਚ ਪਰਿਵਾਰਕ ਅਤੇ ਜਿਨਸੀ ਪਾਰਟਨਰ ਸਬੰਧੀ ਹਿੰਸਾ ਬਾਰੇ ਹੋਰ ਜਾਣਨ ਲਈ, peelregion.ca/ItsNotOkay ਤੇ ਜਾਓ।

**ਹਵਾਲੇ**

"ਪਰਿਵਾਰਕ ਅਤੇ ਜਿਨਸੀ ਪਾਰਟਨਰ ਸਬੰਧੀ ਹਿੰਸਾ, ਹਰ ਉਮਰ ਅਤੇ ਹਰ ਪਿਛੋਕੜ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਸਿਟੀ ਆਫ ਬ੍ਰੈਂਪਟਨ, ਇੱਕ ਸਿਹਤਮੰਦ ਅਤੇ ਸੁਰੱਖਿਅਤ ਭਾਈਚਾਰਾ ਬਣਾਉਣ ਲਈ ਵਚਨਬੱਧ ਹੈ। ਇਹ ਮੁਹਿੰਮ, ਇਸ ਮਹੱਤਵਪੂਰਣ ਮੁੱਦੇ ਤੇ ਰੋਸ਼ਨੀ ਪਾਉਣ ਵਿੱਚ ਮਦਦ ਕਰੇਗੀ ਅਤੇ ਇਸ ਬਾਰੇ ਜਾਗਰੂਕਤਾ ਵਧਾਵੇਗੀ ਕਿ ਲੋਕ ਕਿੱਥੋਂ ਮਦਦ ਲੈ ਸਕਦੇ ਹਨ, ਕਿੱਥੇ ਉਹਨਾਂ ਨੂੰ ਖੁਦ ਦੀ ਜਾਂ ਆਪਣੀ ਜਾਣ-ਪਛਾਣ ਦੇ ਕਿਸੇ ਵਿਅਕਤੀ ਦੀ ਮਦਦ ਕਰਨ ਦੀ ਲੋੜ ਹੈ।"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਘਰੇਲੂ ਹਿੰਸਾ ਦਾ ਪ੍ਰਚਲਨ, ਪੀਲ ਵਿੱਚ ਬਹੁਤ ਸਾਰੇ ਲੋਕਾਂ ਲਈ ਇੱਕ ਦਰਦਨਾਕ ਅਸਲੀਅਤ ਹੈ। ਇਹ ਕਿਸੇ ਵੀ ਜਾਤੀ, ਧਰਮ ਵਿੱਚ ਮੌਜੂਦ ਹੈ ਅਤੇ ਕਿਸੇ ਵੀ ਆਰਥਿਕ ਵਰਗ ਦੇ ਲੋਕਾਂ ਨਾਲ ਵਾਪਰ ਸਕਦਾ ਹੈ। ਇਸ ਜਨਤਕ ਜਾਗਰੂਕਤਾ ਮੁਹਿੰਮ ਨਾਲ, ਅਸੀਂ ਘਰੇਲੂ ਹਿੰਸਾ ਦੇ ਮੁੱਦੇ ਬਾਰੇ ਜਨਤਕ ਤੌਰ ਤੇ ਗੱਲਬਾਤ ਕਰ ਰਹੇ ਹਾਂ। ਸਾਡਾ ਸਭ ਤੋਂ ਪਹਿਲਾ ਕਦਮ, ਜਾਗਰੂਕਤਾ ਵਧਾਉਣਾ ਅਤੇ ਭਾਈਚਾਰੇ ਦੇ ਤੌਰ ਤੇ ਸਮੂਹਿਕ ਰੂਪ ਨਾਲ ਇਸ ਸਮੱਸਿਆ ਦਾ ਮੁਕਾਬਲਾ ਕਰਨਾ ਹੈ, ਤਾਂ ਜੋ ਪੀੜਿਤ ਲੋੜੀਂਦੀ ਮਦਦ ਲੈਣ ਵਾਸਤੇ ਸ਼ਕਤੀਸ਼ਾਲੀ ਮਹਿਸੂਸ ਕਰ ਸਕਣ। ਇੱਕ ਸੁਰੱਖਿਅਤ ਭਾਈਚਾਰੇ ਵਿੱਚ ਬੁਨਿਆਦੀ ਤੌਰ ਤੇ, ਔਰਤਾਂ ਅਤੇ ਬੱਚਿਆਂ ਦਾ ਉਸ ਥਾਂ ਤੇ ਸੁਰੱਖਿਅਤ ਮਹਿਸੂਸ ਕਰਨਾ ਲਾਜ਼ਮੀ ਹੈ, ਜਿੱਥੇ ਉਹ ਰਹਿੰਦੇ ਹਨ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਸਾਡਾ ਸਾਰਿਆਂ ਦਾ ਇੱਕ ਸਾਂਝਾ ਟੀਚਾ ਹੈ – ਬ੍ਰੈਂਪਟਨ ਨੂੰ ਵੱਧ ਤੋਂ ਵੱਧ ਬਿਹਤਰ ਬਣਾਉਣਾ ਅਤੇ ਇਸ ਵਿੱਚ ਸ਼ਾਮਲ ਹੈ, ਭਾਈਚਾਰਕ ਸੁਰੱਖਿਆ ਤੇ ਧਿਆਨ ਕੇਂਦਰਿਤ ਕਰਨਾ, ਮਾਨਸਿਕ ਸਿਹਤ ਸਬੰਧੀ ਮਦਦ ਵਿੱਚ ਸੁਧਾਰ ਕਰਨਾ ਅਤੇ ਸਾਡੀ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਦੀ ਟਰਮ ਆਫ ਕਾਉਂਸਿਲ ਪ੍ਰਾਇਰਟੀ ਦੇ ਹਿੱਸੇ ਵਜੋਂ, ਕਿਰਿਆਸ਼ੀਲ ਅਤੇ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨਾ। ਇਹ ਮੁਹਿੰਮ, ਸਾਡੀ ਸਿਟੀ ਵਿੱਚ ਸਾਡੇ ਭਾਈਚਾਰੇ ਦੇ ਸਾਰੇ ਮੈਂਬਰਾਂ ਨੂੰ, ਸੁਰੱਖਿਅਤ ਮਹਿਸੂਸ ਕਰਾਉਣ ਵਿੱਚ ਮਦਦ ਕਰਨ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 |Monika.Duggal@brampton.ca